# Maharaja Ranjit Singh Punjab Technical University
**DABWALI ROAD, BATHINDA-151001**
**[Established by Govt. of Punjab vide Act No. 5 of 2015, UGC Act 2(f)]**
**DEAN ACADEMIC AFFAIRS**

www.mrsptu.ac.in daa.mrsstu@gmail.com


**Ref. No.: DAA/MRSPTU/2017/** **Date:**

## PRESS NOTE

ਮਾਨਯੋਗ ਉਪ-ਕੁੱਲਪਤੀ ਪ੍ਰੋ: ਮੋਹਨ ਪੌਲ ਸਿੰਘ ਈਸ਼ਰ ਦੀ ਪ੍ਰਧਾਨਗੀ ਹੇਠ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਦੀ ਅਕਾਦਮਿਕ ਕੌਂਸਲ ਦੀ ਦੂਸਰੀ ਮੀਟਿੰਗ ਮਿਤੀ 31.05.2017 ਨੂੰ ਗਿਆਨੀ ਜ਼ੈਲ ਸਿੰਘ ਕੈਂਪਸ ਕਾਲਜ ਆਫ ਟੈਕਨਾਲੋਜੀ ਅਤੇ ਇੰਜਨਿਰੀਅੰਗ ਦੇ ਕਮੇਟੀ ਰੂਮ ਵਿੱਚ ਹੋਈ ਜਿਸ ਵਿੱਚ ਯੂਨੀਵਰਸਿਟੀ ਦੇ ਡੀਨ, ਡਾਇਰੈਕਟਰ ਅਤੇ ਰਜਿਸਟਰਾਰ ਅਤੇ ਕੰਸਟੀਚਿਊਟ ਅਤੇ ਮਾਨਤਾ ਪ੍ਰਾਪਤ ਕਾਲਜਾਂ ਦੇ ਕੌਂਸਲ ਮੈਬਰਾਂ ਨੇ ਸ਼ਿਰਕਤ ਕੀਤੀ। ਇਸ ਮੀਟਿੰਗ ਵਿੱਚ ਅਕਦਾਮਿਕ ਕੌਂਸਲ ਦੀ ਪਹਿਲੀ ਮੀਟਿੰਗ ਜੋ ਕਿ ਮਿਤੀ 11.03.2016 ਨੂੰ ਹੋਈ ਸੀ ਦੀਆਂ processings confirm ਕਰਨ ਤੋਂ ਇਲਾਵਾ ਯੂਨੀਵਰਸਿਟੀ ਦੇ ਡੀਨ ਅਕਾਦਮਿਕ ਪ੍ਰੋ: ਗੁਰਸ਼ਰਨ ਸਿੰਘ ਜੀ ਵਲੋਂ ਅਕਾਦਮਿਕ ਕੌਂਸਲ ਦੀ ਪਹਿਲੀ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਤੇ ਕੀਤੀ ਗਈ ਕਾਰਵਾਈ ਤੋਂ ਮੈਂਬਰਾਂ ਨੂੰ ਜਾਣੂ ਕਰਵਾਇਆ ਗਿਆ।

ਅਕਾਦਮਿਕ ਕੌਂਸਲ ਦੀ ਦੂਜੀ ਮੀਟਿੰਗ ਦੀਆਂ ਮੁੱਖ ਵਿਸ਼ੇਸ਼ਤਾਵਾਂ ਹੇਠ ਅਨੁਸਾਰ ਹਨ:-

ਚਾਇਸ ਬੇਸਡ ਕ੍ਰੇਡਿਟ ਸਿਸਟਮ 2016 ਅਤੇ ਮਾਈਗਰੇਸ਼ਨ ਰੂਲ 2016 ਵਿੱਚ ਸੋਧ ਦੀ ਪ੍ਰਵਾਨਗੀ ਦਿੱਤੀ ਗਈ।
ਯੂਨੀਵਰਸਿਟੀ ਵਲੋਂ ਅਕਾਦਮਿਕ ਗ੍ਰੇਡਿੰਗ ਸਿਸਟਮ ਦੇ ਆਧਾਰ ਤੇ ਮਾਨਤਾ ਪ੍ਰਾਪਤ ਕਾਲਜਾਂ ਦੀ ਰੈਂਕਿੰਗ ਕਰਨ ਸਬੰਧੀ ਯੂਨੀਵਰਸਿਟੀ ਨੂੰ ਪ੍ਰਵਾਨਗੀ ਦਿੱਤੀ ਗਈ ਜਿਸ ਅਨੁਸਾਰ ਜਿੰਨਾਂ ਕਾਲਜਾਂ ਦੇ ਅਕਾਦਮਿਕ ਗ੍ਰੇਡ ਘੱਟ ਹੋਣਗੇ ਅਤੇ ਜਿਹੜੇ ਕਾਲਜ ਬਾਈਓਮੈਟ੍ਰਿਕ ਹਾਜਰੀ ਨਹੀਂ ਲਾਉਣਗੇ ਉਹਨਾਂ ਕਾਲਜਾਂ ਨੂੰ ਪੋਸਟ-ਮੈਟ੍ਰਿਕ ਸਕਾਲਰਸ਼ਿਪ ਸਬੰਧੀ ਯੂਨੀਵਰਸਿਟੀ ਵਲੋਂ ਸਿਫਾਰਸ਼ਾਂ ਨਹੀਂ ਕੀਤੀਆਂ ਜਾਣਗੀਆਂ ਇਸ ਤੋਂ ਇਲਾਵਾ ਇਹ ਵੀ ਫੈਸਲਾ ਲਿਆ ਗਿਆ ਕਿ ਮੁਲਾਂਕਣ ਕੀਤੀਆਂ ਉੱਤਰ ਕਾਪੀਆਂ ਯੂਨੀਵਰਸਿਟੀ ਪੋਰਟਲ ਤੇ ਉੱਪਲਬਧ ਵਿਦਿਆਰਥੀਆਂ ਦੇ ਲਾਗਿਨ ਆਈ.ਡੀ ਵਿੱਚ ਅਪਲੋਡ ਕੀਤੀਆਂ ਜਾਣਗੀਆਂ ਜਾਂ ਯੂਨੀਵਰਸਿਟੀ ਵਲੋਂ ਪ੍ਰੀਖਿਆ ਦੀ ਪਾਰਦਰਸ਼ਤਾ ਵਧਾਉਣ ਲਈ ਵਾਜਿਬ ਫੀਸ ਤੇ ਮੁਲਾਕਣ ਕੀਤੀ ਹੋਈ ਉੱਤਰ ਕਾਪੀ ਦੀ ਸਰਟੀਫਾਈਡ ਫੋਟੋ ਕਾਪੀ ਵਿਦਿਆਰਥੀ ਦੀ ਬੇਨਤੀ ਤੇ ਉੱਪਲਬਧ ਕਰਵਾਈ ਜਾਏਗੀ। ਇਸ ਤੋਂ ਇਲਾਵਾ ਇਹ ਵੀ ਫੈਸਲਾ ਲਿਆ ਗਿਆ ਕਿ ਕਿੱਤਾ ਮੁਖੀ ਕੋਰਸਾਂ ਨੂੰ ਵਧਾਉਣ ਸਬੰਧੀ Finishing Schools ਦੇ ਗਠਣ ਤੇ ਜੋਰ ਦਿੱਤਾ ਜਾਵੇਗਾ।

ਯੂਨੀਵਰਸਿਟੀ ਵਲੋਂ ਐਜ਼ੂਕੇਸ਼ਨ ਟੈਕਨਾਲੋਜੀ ਵਿਭਾਗ ਸਥਾਪਿਤ ਕਰਨ ਦੇ ਫੈਸਲੇ ਦੀ ਕੌਂਸਲ ਵਲੋਂ ਸਲਾਘਾ ਕੀਤੀ ਗਈ। ਖੋਜ ਅਤੇ ਵਿਕਾਸ ਨੂੰ ਵਧਾਉਣ ਲਈ ਅਧਿਆਪਕਾਂ ਨੂੰ ਪੀ.ਐਚ ਡੀ ਸੁਪਰਵਾਈਜ਼ਰ ਵਜੋਂ ਰਜਿਸਟਰ ਕਰਾਉਣ ਦੀ ਮਿਤੀ 26.05.2017 ਤੱਕ ਵਧਾ ਦਿੱਤੀ ਗਈ। ਸਟੇਟ ਆਫ ਆਰਟ ਇੰਸਟਰੂਮੈਂਟੇਸ਼ਨ ਦੇ ਨਾਲ ਰਿਸਰਚ ਦੀ ਸੁਵਿਧਾ ਯੂਨੀਵਰਸਿਟੀ ਵਲੋਂ ਪਹਿਲਾਂ ਹੀ ਮਨਜੂਰ ਹੋ ਚੁੱਕੀ ਹੈ ਅਤੇ ਬਿਲਡਿੰਗ ਦੀ ਉਸਾਰੀ ਦਾ ਕੰਮ ਚੱਲ ਰਿਹਾ ਹੈ। ਅਕਾਦਮਿਕ ਕੌਂਸਲ ਵਲੋਂ ਅੰਡਰ-ਗਰੇਜੂਏਟ, ਪੋਸਟ-ਗਰੇਜੂਏਟ ਅਤੇ ਪੀ.ਐਚ ਡੀ ਦੇ ਕੋਰਸ ਵਰਕ ਲਈ ਆਧੁਨਿਕ ਪਾਠਕ੍ਰਮ ਦੀ ਮਨਜੂਰੀ ਵੀ ਦਿੱਤੀ ਗਈ। ਇੱਥੇ ਇਹ ਵੀ ਦੱਸਣਯੋਗ ਹੈ ਕਿ ਵੱਖ-ਵੱਖ ਮਾਹਿਰਾਂ ਦੇ ਮਸ਼ਵਰਿਆਂ ਦੇ ਨਾਲ ਵੱਖ-ਵੱਖ ਟੀਚਿੰਗ ਪ੍ਰੋਗਰਾਮਾਂ ਨੂੰ ਰੀਵਾਈਜ਼ ਵੀ ਕੀਤਾ ਗਿਆ।

ਮੈਂਬਰਾਂ ਵਲੋਂ ਇੱਕ ਸਾਲ ਦਾ ਸਕਿੱਲ ਸਰਟੀਫਿਕੇਟ ਕੋਰਸ ਸੁਰੂ ਕਰਨ ਦੀ ਮਨਜ਼ੂਰੀ ਵੀ ਦਿੱਤੀ ਗਈ ਜਿਸ ਵਿੱਚ Plumbing, Welding, Food Processing, Tools and Die making, Electrician, Farm equipment maintenance, Refrigeration and AC repair, Electric instrumentation and computer programming ਆਦਿ ਕੋਰਸ਼ ਸ਼ਾਮਿਲ ਹਨ ਅਤੇ ਇਹ ਕੋਰਸ ਆਗਾਮੀ ਸੈਸ਼ਨ ਵਿੱਚ ਯੂਨੀਵਰਸਿਟੀ ਦੇ ਕੰਸਟੀਚਿਊਟ ਕਾਲਜ਼ਾਂ ਅਤੇ ਪੀ.ਆਈ.ਟੀ ਵਿੱਚ ਸ਼ੁਰੂ ਕੀਤਾ ਜਾਵੇਗਾ। ਪ੍ਰੀ-ਪੀ.ਐਚ ਡੀ ਕੋਰਸ ਵਰਕ ਨਾਲ ਸਬੰਧਿਤ ਨਿਯਮਾਂ ਅਤੇ ਮਾਡਲ ਪੀ.ਐਚ ਡੀ ਐਨਟਰੈਂਸ ਟੈਸਟ ਫਾਰਮੇਟ ਨੂੰ ਵੀ ਮਨਜ਼ੂਰੀ ਦਿੱਤੀ ਗਈ।

ਯੂਨੀਵਰਸਿਟੀ ਦੇ ਮੁੱਖ ਕੈਂਪਸ ਵਿੱਚ ਰਿਟੇਲ ਮੈਨੇਜਮੈਂਟ ਦੀ ਸਪੈਸ਼ਲਾਈਜੇਸ਼ਨ ਵਾਲੇ ਐਮ.ਬੀ.ਏ. ਕੋਰਸ ਨੂੰ ਸ਼ੁਰੂ ਕਰਨ ਦੀ ਵੀ ਪ੍ਰਵਾਨਗੀ ਦਿੱਤੀ ਗਈ। ਮੈਂਬਰਾਂ ਵਲੋਂ ਮਿਤੀ 20.12.2016 ਨੂੰ ਹੋਈ ਪਹਿਲੀ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਸਬੰਧੀ ਪੁਸ਼ਟੀ ਵੀ ਕੀਤੀ ਗਈ।

ਅੰਤ ਵਿੱਚ ਡੀਨ ਅਕਾਦਮਿਕ ਮਾਮਲੇ ਵਲੋਂ ਚੇਅਰਮੈਨ ਅਤੇ ਆਏ ਹੋਏ ਮੈਬਰਾਂ ਦਾ ਇਸ ਮੀਟਿੰਗ ਵਿੱਚ ਹਿੱਸਾ ਲੈਣ ਤੇ ਧੰਨਵਾਦ ਕੀਤਾ।

# Maharaja Ranjit Singh Punjab Technical University

## DABWALI ROAD, BATHINDA-151001

**[Established by Govt. of Punjab vide Act No. 5 of 2015, UGC Act 2(f)]**

## DEAN ACADEMIC AFFAIRS

**www.mrsptu.ac.in** **daa.mrsstu@gmail.com**


**Ref. No.: DAA/MRSPTU/2017/** **Date:**

---

**Dean Academic Affairs,**
**MRSPTU, Bathinda**